# ਪਿੱਠ-ਭੂਮੀ 3

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2022FIN0005-000251
22 ਫ਼ਰਵਰੀ, 2022

**ਹਰ ਕਿਸੇ ਲਈ ਇੱਕ ਵਧੇਰੇ ਮਜ਼ਬੂਤ ਆਰਥਕਤਾ ਦਾ ਨਿਰਮਾਣ**

ਬਜਟ 2022 ਰਾਹੀਂ ਇਹ ਨਿਸ਼ਚਿਤ ਕਰਨ ਵਿੱਚ ਸਹਾਇਤਾ ਕੀਤੀ ਜਾ ਰਹੀ ਹੈ ਕਿ ਪੂਰੇ ਬੀ ਸੀ ਵਿੱਚ ਇੱਕ ਸਮਾਵੇਸ਼ੀ, ਸਥਿਰ ਅਤੇ ਨਵੀਨਤਾਕਾਰੀ ਆਰਥਕਤਾ ਜੋ ਹਰ ਕਿਸੇ ਲਈ ਕੰਮ ਕਰੇ, ਵਿੱਚ ਨਿਵੇਸ਼ ਕਰਕੇ ਲੋਕਾਂ ਨੂੰ ਅੱਜ ਅਤੇ ਭਵਿੱਖ ਵਿੱਚ ਇੱਕ ਵਧ ਫੁੱਲ ਰਹੀ ਆਰਥਕਤਾ ਤੋਂ ਲਾਭ ਹਾਸਲ ਕਰਨ ਦੀ ਸਥਿਤੀ ਵਿੱਚ ਲਿਆਂਦਾ ਜਾ ਸਕੇ।

**ਅਰਥਪੂਰਣ ਮੇਲ-ਮਿਲਾਪ**

ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ ਇੱਕ ਨਵਾਂ ਡੈਕਲੇਰੇਸ਼ਨ ਐਕਟ ਸੈਕਰੇਟ੍ਰੀਏਟ ਬਣਾਉਣ ਲਈ $12 ਮਿਲੀਅਨ ਮੁਹੱਈਆ ਕਰਾਏ ਗਏ ਹਨ ਜਿਸ ਰਾਹੀਂ ਸਰਕਾਰ ਨੂੰ ਇਹ ਨਿਸ਼ਚਿਤ ਕਰਨ ਦੇ ਆਪਣੇ ਫਰਜ਼ ਨੂੰ ਪੂਰਾ ਕਰਨ ਵਿੱਚ ਸਲਾਹ ਅਤੇ ਸਹਾਇਤਾ ਮਿਲੇਗੀ ਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਕਾਨੂੰਨਾਂ ਦਾ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਤਾਲਮੇਲ ਹੋਵੇ ਅਤੇ ਇਸ ਨੂੰ ਮੂਲਵਾਸੀ ਲੋਕਾਂ ਦੀ ਸਲਾਹ ਅਤੇ ਸਹਿਯੋਗ ਨਾਲ ਵਿਕਸਤ ਕੀਤਾ ਜਾਵੇ।

ਮੂਲਵਾਸੀ ਲੋਕਾਂ ਅਤੇ ਭਾਈਚਾਰਿਆਂ ਦੀਆਂ ਲੋੜਾਂ ਪ੍ਰਤੀ ਕਾਰਵਾਈ ਕਰਨ ਲਈ, ਬਜਟ 2022 ਵਿੱਚ ਇਹ ਚੀਜ਼ਾਂ ਵੀ ਸ਼ਾਮਲ ਹਨ:

- ਪੂਰੇ ਬੀ ਸੀ ਵਿੱਚ, ਨੇਸ਼ਨਜ਼ ਹੈੱਲਥ ਅਥੌਰਿਟੀ ਦੀ ਭਾਈਵਾਲੀ ਅਧੀਨ 15 ਤੱਕ ਫ਼ਸਟ ਨੇਸ਼ਨਜ਼ ਪ੍ਰਾਇਮਰੀ ਕੇਅਰ ਸੈਂਟਰ ਬਣਾਉਣਾ ਜਾਰੀ ਰੱਖਣ ਲਈ ਮਾਲੀ ਮਦਦ ਦੇਣਾ।
- ਐਬੋਰਿਜਨਲ ਹੈੱਡ ਸਟਾਰਟ, ਜੋ ਮੂਲਵਾਸੀ ਬੱਚਿਆਂ ਨੂੰ ਸੱਭਿਆਚਰ-ਅਧਾਰਤ ਸਮਾਵੇਸ਼ੀ ਬਾਲ-ਸੰਭਾਲ, ਮੁਢਲੀ ਸਿੱਖਿਆ ਅਤੇ ਪਰਿਵਾਰਕ ਮੇਲ ਜੋਲ ਲਈ ਮੌਕੇ ਮੁਹੱਈਆ ਕਰਾਉਂਦਾ ਹੈ, ਲਈ ਸਹਾਇਤਾ ਦੇਣਾ।
- ਫ਼ਸਟ ਨੇਸ਼ਨਜ ਭਾਈਚਾਰਿਆਂ ਵਿੱਚ ਮੂਲਵਾਲੀ ਅਗਵਾਈ ਅਧੀਨ ਆਪਾਤ ਪ੍ਰਬੰਧਨ ਲਈ ਮਾਲੀ ਮਦਦ ਦੇਣਾ।
- ਇੱਕ ਵਰਚੁਆਲ ਇੰਡਿਜਨਸ ਜਸਟਿਸ ਸੈਂਟਰ ਰਾਹੀਂ ਮੂਲਵਾਸੀ ਲੋਕਾਂ ਦੀ ਇਨਸਾਫ਼ ਤੱਕ ਪਹੁੰਚ ਵਿੱਚ ਵਾਧਾ ਕਰਨਾ।
- ਫ਼ਸਟ ਨੇਸ਼ਨਜ਼ ਭਾਈਚਾਰਿਆਂ ਨੂੰ ਹਾਈਸਪੀਡ ਇੰਟਰਨੈੱਟ ਨਾਲ ਜੋੜਨਾ।
- ਇੰਡਿਜਨਸ ਫ਼ੌਰੈਸਟ ਬਾਇਓਇਕੌਨੋਮੀ ਪ੍ਰੋਗਰਾਮ ਦਾ ਦਾਇਰਾ ਵਧਾਉਣਾ ਤਾਂ ਕਿ ਇਸ ਵਿੱਚ ਨਵਾਂ ਐਕਸੈੱਲਰੇਟਰ ਪ੍ਰੋਗਰਾਮ ਸ਼ਾਮਲ ਕੀਤਾ ਜਾ ਸਕੇ ਜਿਸ ਨਾਲ ਮੂਲਵਾਸੀ ਭਾਈਵਾਲਾਂ ਨੂੰ ਬਾਜ਼ਾਰੀਕਰਣ ਲਈ ਅਤੇ ਜੰਗਲ-ਅਧਾਰਤ ਨਵੀਨਤਾਕਾਰੀ ਉਤਪਾਦਾਂ ਦਾ ਪੱਧਰ ਵਧਾਉਣ ਲਈ ਮਦਦ ਮਿਲ ਸਕੇਗੀ।

**ਬੀ ਸੀ ਦੀ ਆਰਥਕ ਯੋਜਨਾ ਵਿੱਚ ਸਹਾਇਤਾ**

ਬਜਟ 2022 ਵਿੱਚ ਸਟਰੌਂਗਰ ਬੀ ਸੀ ਇਕੋਨੋਮਿਕ ਪਲੈਨ: ਏ ਪਲੈਨ ਫਾਰ ਟੂਡੇ, ਏ ਵਿਜ਼ਨ ਫ਼ੌਰ ਟੁਮਾਰੋ, ਨੂੰ ਲਾਗੂ ਕਰਨ ਵਿੱਚ ਮਦਦ ਦੇਣ ਲਈ $50 ਮਿਲੀਅਨ ਮੁਹੱਈਆ ਕਰਾਏ ਗਏ ਹਨ: ਜਿਸ ਲਈ ਬੀ ਸੀ ਦੀਆਂ ਲਾਈਫ਼ ਸਾਇੰਸਜ਼ ਦੇ ਵਿਕਾਸ ਲਈ, ਉਤਪਾਦਨ ਅਤੇ ਖੇਤੀਬਾੜੀ ਖੇਤਰਾਂ ਲਈ ਸਰਕਾਰ ਦੀ ਵਾਤਾਵਰਣ ਸਬੰਧੀ, ਸਮਾਜਕ ਅਤੇ ਪ੍ਰਸ਼ਾਸਨਕ ਕੀਮਤਾਂ ਲਈ ਪ੍ਰਤੀਬੱਧਤਾ ਨੂੰ ਜਾਰੀ ਰੱਖਣ ਲਈ ਅਤੇ ਆਰਥਕ ਵਿਕਾਸ ਰਾਹੀਂ ਮੇਲ-ਮਿਲਾਪ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕੀਤੇ ਜਾਣਗੇ।

ਇਸ ਵਿੱਚ ਇੱਕ ਸਾਂਝੀ ਮਾਰਕਿਟ ਪਲੇਸ ਲਈ ਮਾਲੀ ਮਦਦ ਵੀ ਸ਼ਾਮਲ ਹੈ ਤਾਂ ਕਿ ਬੀ ਸੀ ਵਿੱਚ ਤਿਆਰ ਕੀਤੀਆਂ ਗਈਆਂ ਸ਼ੁੱਧ ਤਕਨਾਲੋਜੀਆਂ ਨੂੰ ਅਪਣਾਉਣ ਲਈ ਅਤੇ ਵਾਤਾਵਰਣ ਨਾਲ ਸਬੰਧਤ, ਸਮਾਜਕ ਅਤੇ ਪ੍ਰਸ਼ਾਸਨਕ ਸੂਚਨਾਵਾਂ ਦੇਣ ਲਈ ਇੱਕ ਵਿਸ਼ਵ-ਪੱਧਰੀ ਮਾਪਦੰਡ ਸਥਾਪਤ ਕੀਤਾ ਜਾ ਸਕੇ। ਇਸ ਤੋਂ ਇਲਾਵਾ ਬੀ ਸੀ ਦੀ ਆਰਥਕ ਯੋਜਨਾ ਵਿੱਚ ਫ਼ਿਊਚਰ ਰੈਡੀ ਵੀ ਸ਼ਾਮਲ ਹੈ, ਜੋ ਬੀ ਸੀ ਵਿੱਚ ਹੁਨਰ ਅਤੇ ਕਾਮਿਆਂ ਵਿਚਾਲੇ ਪਾੜੇ ਨੂੰ ਭਰਨ ਲਈ ਇੱਕ ਸਮੁੱਚੀ ਯੋਜਨਾ ਹੈ ਤਾਂ ਕਿ ਅਗਲੇ 10 ਸਾਲਾਂ ਦੌਰਾਨ ਇੱਕ ਮਿਲੀਅਨ ਤੋਂ ਵੱਧ ਨੌਕਰੀਆਂ ਦੀ ਅਸਾਮੀਆਂ ਨੂੰ ਭਰਨ ਦੀ ਚੁਣੌਤੀ ਦਾ ਸਾਹਮਣਾ ਕੀਤਾ ਜਾ ਸਕੇ।

## ਮੌਜੂਦਾ ਸਮੇਂ ਕਾਰਜਬਲ ਦਾ ਨਿਰਮਾਣ

ਬਜਟ 2022 ਵਿੱਚ ਇੱਕ ਮਜ਼ਬੂਤ ਹੁਨਰਮੰਦ ਕਾਰਜਬਲ ਦਾ ਵਿਕਾਸ ਕਰਨ ਲਈ ਸਹਾਇਤਾ ਦਿੱਤੀ ਗਈ ਹੈ ਜਿਸ ਲਈ ਅਜਿਹਾ ਕੀਤਾ ਜਾਵੇਗਾ:

- 2022-23 ਵਿੱਚ $25 ਮਿਲੀਅਨ ਨਾਲ ਲੌਂਗ ਟਰਮ ਕੇਅਰ ਅਸਿਸਟਿਡ ਲਿਵਿੰਗ, ਹੋਮ ਕੇਅਰ ਖੇਤਰਾਂ ਵਿੱਚ ਕਰਮਚਾਰੀਆਂ ਦੀ ਵੱਡੀ ਘਾਟ ਦਾ ਹੱਲ ਕਰਨ ਲਈ ਸਿਹਤ-ਸੰਭਾਲ ਸਹਾਇਕਾਂ ਦੀ ਸਿਖਲਾਈ ਦਾ ਦਾਇਰਾ ਵਧਾਇਆ ਜਾਏਗਾ। ਇਸ ਨਾਲ ਬਜਟ 2021 ਵਿਚਲੇ $75 ਮਿਲੀਅਨ ਦੇ ਨਿਵੇਸ਼ ਨੂੰ ਅੱਗੇ ਤੋਰਿਆ ਗਿਆ ਹੈ ਅਤੇ ਇਸ ਨਾਲ ਸੂਬਾ ਸਰਕਾਰ 2022-23 ਤੱਕ 5,000 ਤੋਂ ਵੱਧ ਨਵੇਂ ਸਿਹਤ-ਸੰਭਾਲ ਸਹਾਇਕ ਭਰਤੀ ਕਰ ਸਕੇਗੀ।
- ਭਾਈਚਾਰਕ ਲਾਭ ਮੁਹੱਈਆ ਕਰਾਉਣਾ ਅਤੇ ਹੁਨਰਮੰਦ ਕਾਮਿਆਂ ਦੀ ਅਗਲੀ ਪੀੜ੍ਹੀ ਨੂੰ ਸਿਖਲਾਈ ਦੇਣਾ, ਘੱਟ ਪ੍ਰਤੀਨਿਧਤਾ ਵਾਲੇ ਸਮੂਹਾਂ ਲਈ ਮੌਕਿਆਂ ਵਿੱਚ ਵਾਧਾ ਕਰਨਾ, ਅਤੇ ਪ੍ਰਮੁਖ ਸਰਕਾਰੀ ਪੂੰਜੀਗਤ ਪ੍ਰਜੈਕਟਾਂ ਲਈ ਕਮਿਉਨਿਟੀ ਬੈਨਿਫ਼ਿਟਸ ਸਮਝੌਤਿਆਂ ਰਾਹੀਂ ਉਸਾਰੀ ਦੇ ਖੇਤਰ ਵਿੱਚ ਕਾਰਜਬਲ ਵਿੱਚ ਵਾਧਾ ਕਰਨਾ।
- ਅਗਲੇ ਤਿੰਨ ਸਾਲਾਂ ਦੌਰਾਨ ਗਰੈਜੂਏਟਿਡ ਐਡਲਟ ਪ੍ਰੋਗਰਾਮ ਲਈ ਅਤਿਰਿਕਤ $21 ਮਿਲੀਅਨ ਮੁਹੱਈਆ ਕਰਾ ਕੇ ਬਾਲਗ਼ ਸਿੱਖਿਆ ਦੀ ਵਧ ਰਹੀ ਮੰਗ ਨੂੰ ਪੂਰਾ ਕਰਨਾ ਅਤੇ ਟਿਊਸ਼ਨ-ਮੁਕਤ ਬਾਲਗ਼ ਸਿੱਖਿਆ ਪ੍ਰੋਗਰਾਮਾਂ ਲਈ 2017 ਤੋਂ ਚਲੀ ਆ ਰਹੀ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਨੂੰ ਜਾਰੀ ਰੱਖਣਾ।
- 10 ਇਲੈਕਟ੍ਰੀਕਲ, ਮਕੈਨੀਕਲ, ਅਤੇ ਆਟੋਮੋਟਿਵ ਕਿੱਤਿਆਂ ਵਿੱਚ ਸਿਖਲਾਈ ਸੀਟਾਂ ਅਤੇ ਹੋਰ ਸੇਵਾਵਾਂ ਦਾ ਦਾਇਰਾ ਵਧਾ ਕੇ ਕਾਮਿਆਂ ਦੀ ਪ੍ਰਮਾਣਤ ਹੋਣ ਵਿੱਚ ਸਹਾਇਤਾ ਕਰਨ ਲਈ ਹੋਰ ਜ਼ਿਆਦਾ ਕਿੱਤਿਆਂ ਵਿਚਲੇ ਹੁਨਰਮੰਦ ਲੋਕਾਂ ਨੂੰ ਜਰਨੀ-ਪਰਸਨਜ਼ ਜਾਂ ਸਿਖਾਂਦਰੂਆਂ ਦੇ ਤੌਰ ‘ਤੇ ਪ੍ਰਮਾਣਤ ਕਰਨ ਲਈ $21 ਮਿਲੀਅਨ ਦਾ ਨਿਵੇਸ਼ ਕਰਨਾ।

## ਭਾਈਚਾਰਿਆਂ ਨੂੰ ਆਪਸ ਵਿੱਚ ਜੋੜਣਾ

ਬਜਟ 2022 ਵਿੱਚ ਇੱਕ ਪੰਜ-ਸਾਲਾ ਯੋਜਨਾ ਦੇ ਹਿੱਸੇ ਵੱਜੋਂ ਇੱਕ ਨਵੀਂ ਮਾਲੀ ਮਦਦ ਦੇ ਰੂਪ ਵਿੱਚ $289 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ ਤਾਂ ਕਿ 280 ਤੋਂ ਵੱਧ ਫ਼ਸਟ ਨੇਸ਼ਨਜ, ਗ੍ਰਾਮੀਣ ਅਤੇ ਦੂਰ-ਦੁਰਾਡੇ ਭਾਈਚਾਰਿਆਂ ਨੂੰ ਹਾਈਸਪੀਡ ਇੰਟਰਨੈੱਟ ਨਾਲ ਜੋੜਿਆ ਜਾ ਸਕੇ ਜਿਸ ਨਾਲ ਇਨ੍ਹਾਂ ਭਾਈਚਾਰਿਆਂ ਵਿਚਲੇ ਲੋਕਾਂ ਲਈ ਡਿਜਿਟਲ ਸਿਹਤ-ਸੰਭਾਲ ਸੇਵਾਵਾਂ ਅਤੇ ਸਿੱਖਿਆ ਸਬੰਧਤ ਮੌਕਿਆਂ ਤੱਕ ਪਹੁੰਚ ਵਿੱਚ ਸੁਧਾਰ ਹੋਵੇਗਾ ਅਤੇ ਰਿਮੋਟ ਢੰਗ ਨਾਲ ਕੰਮ ਕਰਨ ਅਤੇ ਡਿਜਿਟਲ ਮਾਰਕਿਟਾਂ ਤੱਕ ਪਹੁੰਚ ਕਰਨ ਲਈ ਲੋਕਾਂ ਵਾਸਤੇ ਦਰਵਾਜ਼ੇ ਖੁੱਲ੍ਹਣਗੇ। ਇਸ ਮਾਲੀ ਮਦਦ ਨਾਲ ਡਿਜਿਟਲ ਖੇਤਰ ਵਿੱਚ ਪਾੜੇ ਨੂੰ ਭਰਨ ਲਈ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਨੂੰ ਪੂਰਾ ਕਰਨ ਵਿੱਚ ਵੱਡੀ ਤੇਜ਼ੀ ਆਏਗੀ ਅਤੇ ਇਸ ਨਾਲ ਗ੍ਰਾਮੀਣ, ਜੰਗਲਾਤ ਤੇ ਨਿਰਭਰ ਭਾਈਚਾਰਿਆਂ ਅਤੇ ਓਲਡ ਗ੍ਰੋਥ ਸਟ੍ਰੈਟਜੀ ਅਧੀਨ ਨਵੇਂ ਵਿਵਿਧ ਅਵਸਰਾਂ ਵੱਲ ਤਬਦੀਲ ਹੋ ਰਹੇ ਕਾਮਿਆਂ ਦੀ ਵੀ ਸਹਾਇਤਾ ਹੋ ਸਕੇਗੀ।

## ਵਧੇਰੇ ਕਿਫ਼ਾਇਤੀ ਘਰਾਂ ਦਾ ਨਿਰਮਾਣ

ਬਜਟ 2022 ਵਿੱਚ ਹੋਮਜ਼ ਫ਼ੌਰ ਬੀ ਸੀ 10-ਸਾਲਾ ਰਿਹਾਇਸ਼ੀ ਯੋਜਨਾ ਨੂੰ ਲਾਗੂ ਕਰਨਾ ਜਾਰੀ ਰੱਖਿਆ ਗਿਆ ਹੈ ਜਿਸ ਅਧੀਨ ਬ੍ਰਿਟਿਸ਼ ਕੋਲੰਬੀਆ ਵਿੱਚ 114,000 ਕਿਫ਼ਾਇਤੀ ਘਰ ਮੁਹੱਈਆ ਕਰਾਉਣ ਦਾ ਟੀਚਾ ਰੱਖਿਆ ਗਿਆ ਹੈ ਜਿਸ ਲਈ ਅਤਿਰਿਕਤ $166 ਮਿਲੀਅਨ ਮਾਲੀ ਯੋਜਨਾ ਦੌਰਾਨ ਰੱਖੇ ਗਏ ਹਨ। ਇਸ ਨਾਲ 2024-25 ਤੱਕ ਰਿਹਾਇਸ਼ਾਂ ਲਈ ਕੀਤੇ ਗਏ ਨਿਵੇਸ਼ਾਂ ਦਾ ਸਾਲਾਨਾ ਪੱਧਰ $1.2 ਬਿਲੀਅਨ ਤੱਕ ਆ ਜਾਏਗਾ।

ਇਸ ਮਾਲੀ ਮਦਦ ਨਾਲ ਗ਼ੈਰ-ਮੁਨਾਫ਼ਾ ਰਿਹਾਇਸ਼ ਪ੍ਰਦਾਨਕਰਤਾਵਾਂ ਨੂੰ 2022-23 ਵਿੱਚ $100 ਮਿਲੀਅਨ ਦੀ ਮਾਲੀ ਮਦਦ ਮੁਹੱਈਆ ਕਰਾਈ ਗਈ ਹੈ ਤਾਂ ਕਿ ਕਮਿਉਨਿਟੀ ਹਾਊਸਿੰਗ ਫੰਡ ਰਾਹੀਂ ਰਲੀ ਮਿਲੀ ਆਮਦਨੀ ਵਾਲੀ ਰਿਹਾਇਸ਼ਾਂ ਦੀ ਉਸਾਰੀ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਇਸ ਨਾਲ ਬੀ ਸੀ ਹਾਊਸਿੰਗ ਵਿੱਚ ਹਾਊਸਿੰਗ ਹਬ ਲਈ ਵੀ ਸਰੋਤਾਂ ਵਿੱਚ ਹੋਰ ਵਾਧਾ ਹੋਇਆ ਹੈ ਤਾਂ ਕਿ 2021 ਦੇ ਬਜਟ ਵਿੱਚ ਐਲਾਨ ਕੀਤੇ ਗਏ $2 ਬਿਲੀਅਨ ਦੀ ਘੱਟ ਖ਼ਰਚੇ ਵਾਲੀ ਫਾਇਨੈਂਸਿੰਗ ਦੀ ਵਧ ਰਹੀ ਮੰਗ ਨਾਲ ਕਦਮ ਮਿਲਾ ਕੇ ਰੱਖਿਆ ਜਾ ਸਕੇ।

## ਵਿਕਾਸ ਕਰ ਰਹੇ ਖੇਤਰਾਂ ਵਿੱਚ ਨਿਵੇਸ਼

ਜੀਨੋਮ ਬੀ ਸੀ ਅਤੇ ਮਾਈਕਲ ਸਮਿਥ ਹੈੱਲਥ ਰਿਸਰਚ ਬੀ ਸੀ ਨੂੰ ਗ੍ਰਾਂਟਾਂ ਦੇ ਰੂਪ ਵਿੱਚ ਇਸ ਸਾਲ ਤਕਰੀਬਨ $200 ਮਿਲੀਅਨ ਮੁਹੱਈਆ ਕਰਾਏ ਗਏ ਹਨ। ਜਿਸ ਨਾਲ ਵਿਕਸਤ ਹੋ ਰਹੇ ਲਾਈਫ਼ ਸਾਇੰਸਜ਼ ਸੈਕਟਰ ਲਈ ਨਵੀਆਂ ਵਿਗਿਆਨਕ ਖੋਜਾਂ ਅਤੇ ਆਰਥਕ ਮੌਕੇ ਪੈਦਾ ਹੋਣਗੇ, ਜਿਸ ਵਿੱਚ 2,000 ਤੋਂ ਵੱਧ ਕੰਪਨੀਆਂ ਸ਼ਾਮਲ ਹਨ ਜੋ ਬੀ ਸੀ ਵਿੱਚ 18,000 ਲੋਕਾਂ ਨੂੰ ਰੁਜ਼ਗਾਰ ਦੇ ਰਹੀਆਂ ਹਨ।

ਰੈਗੂਲੇਟਰੀ ਐਕਸੀਲੈਂਸ ਇਨ ਮਾਈਨਿੰਗ ਸਟ੍ਰੈਟਜੀ ਰਾਹੀਂ ਬਜਟ 2022 ਵਿੱਚ ਖਾਣਾਂ ਦੇ ਖੇਤਰ ਦੇ ਲਗਾਤਰ ਵਿਕਾਸ ਵਿੱਚ ਮਦਦ ਦੇਣ ਲਈ $18 ਮਿਲੀਅਨ ਮੁਹੱਈਆ ਕਰਾਏ ਗਏ ਹਨ ਜਿਸ ਨੂੰ ਖਾਣਾਂ ਦੀ ਖੁਦਾਈ ਲਈ 2021 ਤੋਂ ਬਾਅਦ $600 ਮਿਲੀਅਨ ਤੋਂ ਵੱਧ ਮਿਲੇ ਹਨ। ਇਹ ਪਿਛਲੇ ਸਾਲ ਨਾਲੋਂ 50% ਦਾ ਵਾਧਾ ਹੈ ਅਤੇ ਇੱਕ ਦਹਾਕੇ ਵਿਚ ਸਭ ਤੋਂ ਉੱਚਾ ਪੱਧਰ ਹੈ ਕਿਉਂਕਿ ਪੂਰੀ ਦੁਨੀਆ ਵਿੱਚ ਖਣਿਜ ਪਦਾਰਥਾਂ ਦੀ ਮੰਗ ਵੱਧ ਰਹੀ ਹੈ ਜੋ ਬੀ ਸੀ ਦੇ ਅਲਪ-ਕਾਰਬਨ ਭਵਿੱਖ ਵਿੱਚ ਇੱਕ ਮੁੱਖ ਭੂਮਿਕਾ ਨਿਭਾਏਗੀ।

## ਮਹਾਮਾਰੀ ਸਬੰਧੀ ਆਰਥਕ ਮੁੜ-ਬਹਾਲੀ ਰਾਹੀਂ ਖੇਤਰਾਂ ਦੀ ਸਹਾਇਤਾ

ਕੋਵਿਡ-19 ਮਹਾਮਾਰੀ ਦੇ ਪ੍ਰਭਾਵਾਂ ਤੋਂ ਉਭਰਨ ਵਿੱਚ ਸੈਰ-ਸਪਾਟਾ ਖੇਤਰ ਦੀ ਮਦਦ ਕਰਨ ਲਈ ਬਜਟ 2022 ਵਿੱਚ $25 ਮਿਲੀਅਨ ਮਾਲੀ ਮਦਦ ਦੇ ਰੂਪ ਵਿੱਚ ਨਿਰਧਾਰਤ ਕੀਤੇ ਗਏ ਹਨ। ਮਹਾਮਾਰੀ ਤੋਂ ਪ੍ਰਭਾਵਤ ਹੋਈਆਂ ਗ਼ੈਰ-ਮੁਨਾਫਾ ਸੰਸਥਾਵਾਂ ਦੀ ਮਦਦ ਲਈ ਵੀ ਇਸ ਸਾਲ ਅਤਿਰਿਕਤ ਮਾਲੀ ਮਦਦ ਮੁਹੱਈਆ ਕਰਾਈ ਗਈ ਹੈ; ਆਰਟਸ ਇੰਪੈਕਟਸ ਅਤੇ ਐਂਪਲੀਫ਼ਾਈ ਬੀ ਸੀ ਪ੍ਰੋਗਰਾਮਾਂ ਰਾਹੀਂ ਕਲਾ, ਸੱਭਿਆਚਾਰ ਅਤੇ ਸੰਗੀਤ ਦੇ ਖੇਤਰਾਂ ਦੀ ਆਰਥਕ ਮੁੜ-ਬਹਾਲੀ; ਅਤੇ ਅਤਿਰਿਕਤ ਸੈਰ-ਸਪਾਟਾ ਸਹਾਇਤਾ ਸਾਧਨ ਜਿਨ੍ਹਾਂ ਵਿੱਚ ਸੁਰੱਖਿਅਤ ਢੰਗ ਨਾਲ ਮੇਲਿਆਂ, ਤਿਉਹਾਰਾਂ ਅਤੇ ਸਮਾਗਮਾਂ ਨੂੰ ਮੁੜ ਆਰੰਭ ਕਰਨ ਲਈ ਮਦਦ ਦੇਣ ਵਾਸਤੇ ਮਾਲੀ ਮਦਦ ਸ਼ਾਮਲ ਹੈ।

## ਜੰਗਲਾਤ ਦੇ ਖੇਤਰ ਵਿੱਚ ਤਬਦੀਲੀ ਰਾਹੀਂ ਕਾਮਿਆਂ ਅਤੇ ਭਾਈਚਾਰਿਆਂ ਦੀ ਸਹਾਇਤਾ

ਬਜਟ 2022 ਵਿੱਚ ਮਾਲੀ ਯੋਜਨਾ ਦੌਰਾਨ $185 ਮਿਲੀਅਨ ਮੁਹੱਈਆ ਕਰਾਏ ਗਏ ਹਨ ਤਾਂ ਕਿ ਜੰਗਲਾਤ ਵਰਕਰਾਂ ਅਤੇ ਭਈਚਾਰੀਆਂ ਦੀ ਮਦਦ ਕੀਤੀ ਜਾ ਸਕੇ ਜੋ ਉਲਡ ਗ੍ਰੋਥ ਲੌਗਿੰਗ ਡੈਫ਼ਰਲ ਤੋਂ ਪ੍ਰਭਾਵਤ ਹੋਏ ਹਨ। ਇਸ ਵਿੱਚ ਕਾਮਿਆਂ ਨੂੰ ਰੁਜ਼ਗਾਰ ਦੇ ਅਲਪ-ਕਾਲਿਕ ਮੌਕਿਆਂ ਨਾਲ ਜੋੜਨਾ ਅਤੇ ਭਾਈਚਾਰਕ ਮੈਂਬਰਾਂ ਨੂੰ ਸਿੱਖਿਆ ਅਤੇ ਹੁਨਰ ਸਿਖਲਾਈ ਮੁਹੱਈਆ ਕਰਾਉਣਾ ਸ਼ਾਮਲ ਹੈ। ਇਸ ਵਿੱਚ ਕਾਰੋਬਾਰਾਂ ਅਤੇ ਭਾਈਚਾਰਿਆਂ ਨਾਲ ਭਾਈਵਾਲੀਆਂ ਲਈ ਵੀ ਮਾਲੀ ਮਦਦ ਸ਼ਾਮਲ ਹੈ ਤਾਂ ਕਿ ਉਨ੍ਹਾਂ ਨੂੰ ਵਿਵਿਧ ਆਰਥਕਤਾਵਾਂ ਅਤੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਰਾਹੀਂ ਰੁਜ਼ਗਾਰ ਪੈਦਾ ਕਰਨ ਵੱਲ ਤਬਦੀਲ ਹੋਣ ਵਿੱਚ ਮਦਦ ਦਿੱਤੀ ਜਾ ਸਕੇ। ਬ੍ਰਿਜਿੰਗ ਟੂ ਰਿਟਾਇਰਮੈਂਟ ਪ੍ਰੋਗਰਾਮ ਨੂੰ ਵੀ ਇਸ ਮਾਲੀ ਮਦਦ ਨਾਲ ਸਹਾਇਤਾ ਮਿਲੇਗੀ ਜਿਸ ਨਾਲ 55 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਯੋਗ ਜੰਗਲਾਤ ਕਾਮਿਆਂ ਅਤੇ ਠੇਕੇਦਾਰਾਂ ਨੂੰ ਰਿਟਾਇਰਮੈਂਟ ਵੱਲ ਜਾਣ ਲਈ $75,000 ਤੱਕ ਪ੍ਰਦਾਨ ਕੀਤੇ ਜਾਣਗੇ।

## ਸਥਿਰ ਭੂਮੀ, ਜਲ ਅਤੇ ਸ੍ਰੋਤ ਪ੍ਰਬੰਧਨ

ਬਜਟ 2022 ਵਿੱਚ ਇੱਕ ਨਵਾਂ ਭੂਮੀ, ਜਲ ਅਤੇ ਸ੍ਰੋਤ ਪ੍ਰਬੰਧਨ ਮੰਤਰਾਲਾ ਬਣਾਉਣ ਲਈ ਅਤੇ ਸਰਕਾਰ ਦੇ ਆਰਥਕ ਗਤੀਵਿਧੀ ਨੂੰ ਉਭਾਰਨ ਲਈ, ਵਾਤਾਵਰਣ ਸਬੰਧਤ ਸਥਿਰਤਾ ਲਈ ਅਤੇ ਮੂਲਵਾਸੀ ਲੋਕਾਂ ਨਾਲ ਮੇਲਮਿਲਾਪ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਨਵੀਂ ਮਾਲੀ ਮਦਦ ਦੇ ਰੂਪ ਵਿੱਚ, $44 ਮਿਲੀਅਨ ਤੋਂ ਜ਼ਿਆਦਾ ਮੁਹੱਈਆ ਕਰਾਏ ਗਏ ਹਨ। ਇਹ ਮੰਤਰਾਲਾ ਇੱਕ ਮੋਹਰੀ ਭੂਮਿਕਾ ਨਿਭਾਏਗਾ ਜਿਸ ਅਧੀਨ ਮੂਲਵਾਸੀ ਸਰਕਾਰਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਕੀਤਾ ਜਾਏਗਾ ਤਾਂ ਕਿ ਸਰਕਾਰ ਦੇ ਕੁਦਰਤੀ ਸ੍ਰੋਤ ਨੀਤੀ ਢਾਂਚੇ ਨੂੰ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਨਾਲ ਸਬੰਧਤ ਐਕਟ ਬਾਰੇ ਐਲਾਨਨਾਮੇ ਦੇ ਮੁਤਾਬਿਕ ਢਾਲਣ ਲਈ ਭੂਮੀ, ਜਲ ਅਤੇ ਸ੍ਰੋਤ ਪ੍ਰਬੰਧਨ ਲਈ ਇੱਕ ਨਵੀਂ ਦੂਰਦ੍ਰਿਸ਼ਟੀ ਅਤੇ ਨਵੀਆਂ ਨੀਤੀਆਂ ਵਿਕਸਤ ਕੀਤੀਆਂ ਜਾ ਸਕਣ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 213-7724

---